# ਨਾਗਰਿਕਤਾ ਅਤੇ ਕੰਮ ਕਰਨ ਲਈ ਕਨੂੰਨੀ ਅਧਿਕਾਰ

ਬੇਰੁਜ਼ਗਾਰੀ ਬੀਮਾ ਲਾਭਾਂ ਲਈ ਯੋਗਤਾ ਦੀ ਸ਼ਰਤ ਵਜੋਂ, ਸੰਘੀ ਨਿਯਮਾਂ ਦੀ ਮੰਗ ਹੈ ਕਿ ਹਰੇਕ ਦਾਅਵੇਦਾਰ ਦੁਆਰਾ ਸਜ਼ਾ ਦੇ ਦੰਡ ਤਹਿਤ ਘੋਸ਼ਣਾ ਕੀਤੀ ਜਾਵੇ ਕਿ ਕੀ ਉਹ ਸੰਯੁਕਤ ਰਾਜ ਦਾ ਨਾਗਰਿਕ ਜਾਂ ਵਸਨੀਕ ਹੈ। ਉਹ ਵਿਅਕਤੀ ਜੋ ਕਿ ਸੰਯੁਕਤ ਰਾਜ ਦਾ ਨਾਗਰਿਕ ਜਾਂ ਵਸਨੀਕ ਨਹੀਂ ਹੈ, ਉਸ ਨੂੰ ਪ੍ਰਮਾਣਿਤ ਕਰਨ ਲਈ ਵਿਦੇਸ਼ੀ ਪੰਜੀਕਰਨ ਦਸਤਾਵੇਜ਼ਾਂ ਨੂੰ ਪੇਸ਼ ਕਰਨਾ ਲਾਜ਼ਮੀ ਹੈ ਕਿ ਉਹ ਸੰਯੁਕਤ ਰਾਜ ਵਿੱਚ ਕੰਮ ਕਰਨ ਲਈ ਅਧਿਕਾਰਤ ਹੈ।

ਰੁਜ਼ਗਾਰ ਸੁਰੱਖਿਆ ਵਿਭਾਗ (Employment Security Department, ESD), ਸਿਸਟੇਮੈਟਿਕ ਏਲੀਅਨ ਵੈਰੀਫਿਕੇਸ਼ਨ ਫੌਰ ਇੰਟਾਈਟਲਮੈਂਟਸ (SAVE) ਇੰਟਰਫ਼ੇਸ ਦੁਆਰਾ ਵਿਅਕਤੀਗਤ ਇੰਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਦਾ ਹੈ। ਸੇਵ ਪ੍ਰੋਗਰਾਮ ਨੂੰ ਸੰਯੁਕਤ ਰਾਜ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸੇਵਾਵਾਂ (USCIS) ਦੁਆਰਾ ਚਲਾਇਆ ਜਾਂਦਾ ਹੈ।

## ਜੇਕਰ ਮੈਂ ਸੰਯੁਕਤ ਰਾਜ ਦਾ ਨਾਗਰਿਕ ਨਹੀਂ ਤਾਂ ਕੀ ਮੈਂ ਬੇਰੁਜ਼ਗਾਰੀ ਲਾਭਾਂ ਲਈ ਦਰਖ਼ਾਸਤ ਦੇ ਸਕਦਾ/ਸਕਦੀ ਹਾਂ?

ਹਾਂ, ਸੰਯੁਕਤ ਰਾਜ ਦੇ ਗੈਰ-ਨਾਗਰਿਕ ਜਾਂ ਗੈਰ-ਵਸਨੀਕ ਬੇਰੁਜ਼ਗਾਰੀ ਲਾਭਾਂ ਲਈ ਦਰਖ਼ਾਸਤ ਦੇ ਸਕਦੇ ਹਨ। ਆਪਣੀ ਇੰਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਵਿਭਾਗ ਨੂੰ ਆਪਣਾ ਪਰਦੇਸੀ ਪੰਜੀਕਰਨ ਦਸਤਾਵੇਜ਼ ਪ੍ਰਦਾਨ ਕਰਨੇ ਲਾਜ਼ਮੀ ਹੁੰਦੇ ਹਨ। ਇਹ ਦਸਤਾਵੇਜ਼ ਆਮ ਤੌਰ ’ਤੇ ਦਰਖ਼ਾਸਤ ਦੇ ਸਮੇਂ ਪ੍ਰਦਾਨ ਕੀਤੇ ਜਾਂਦੇ ਹਨ। ਜੇ ਤੁਸੀਂ ਦਰਖ਼ਾਸਤ ਦੇਣ ਦੀ ਪ੍ਰਕਿਰਿਆ ਦੌਰਾਨ ਇਹ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਨਹੀਂ ਹੁੰਦੇ ਤਾਂ ਤੁਹਾਨੂੰ ਬਾਅਦ ਵਿੱਚ ਦਸਤਾਵੇਜ਼ ਪ੍ਰਦਾਨ ਕਰਨ ਲਈ ਕਿਹਾ ਜਾਵੇਗਾ।

## ਮੈਨੂੰ ਦਰਖ਼ਾਸਤ ਦੀ ਪ੍ਰਕਿਰਿਆ ਦੌਰਾਨ ਕੀ ਪੁੱਛਿਆ ਜਾਵੇਗਾ?

ਜੇ ਤੁਸੀਂ ਪ੍ਰਮਾਣਿਤ ਕੀਤਾ ਹੈ ਕਿ ਤੁਸੀਂ ਸੰਯੁਕਤ ਰਾਜ ਦੇ ਨਾਗਰਿਕ ਜਾਂ ਅਮਰੀਕੀ ਵਸਨੀਕ ਨਹੀਂ ਹੋ, ਤਾਂ ਤੁਹਾਨੂੰ ਪੁੱਛਿਆ ਜਾਵੇਗਾ:

- ਕੀ ਤੁਸੀਂ ਪਿਛਲੇ 24 ਮਹੀਨਿਆਂ ਵਿੱਚ ਕਨੂੰਨੀ ਤੌਰ 'ਤੇ ਸੰਯੁਕਤ ਰਾਜ ਵਿੱਚ ਕੰਮ ਕਰਨ ਦੇ ਹੱਕਦਾਰ ਸੀ? ਅਤੇ,
- ਤੁਹਾਡੇ ਕੋਲ ਬਿਲਕੁਲ ਹਾਲੀਆ ਇੰਮੀਗ੍ਰੇਸ਼ਨ ਦਸਤਾਵੇਜ਼ ਕਿਹੜਾ ਹੈ?
    - I-327 ਰੀਐਂਟਰੀ ਪਰਮਿਟ (I-327 Reentry Permit)
    - I-551 ਸਥਾਈ ਰਿਹਾਇਸ਼ੀ ਕਾਰਡ ((I-551 Permanent Resident Card)
    - I-571 ਰਿਫ਼ਿਊਜੀ ਯਾਤਰਾ ਦਸਤਾਵੇਜ਼ (I-571 Refugee Travel Document)
    - I-766 ਕਰਮਚਾਰੀ ਅਧਿਕਾਰਤ ਕਾਰਡ (I-766 Employment Authorization Card)
    - I-94 ਆਗਮਨ/ਵਿਦਾਇਗੀ ਰਿਕਾਰਡ (I-94 Arrival/Departure Record)
    - ਬਿਨਾਂ ਮਿਆਦ ਪੁੱਗਣ ਵਾਲੇ ਵਿਦੇਸ਼ੀ ਪਾਸਪੋਰਟ ’ਤੇ I-94 ਆਗਮਨ/ਵਿਦਾਇਗੀ ਰਿਕਾਰਡ

- ਇੰਮੀਗ੍ਰੇਸ਼ਨ ਵੀਜ਼ਾ
- ਅਸਥਾਈ I-551 ਮੋਹਰ (ਪਾਸਪੋਰਟ ਜਾਂ I-94 'ਤੇ)

**ਮੇਰੇ ਕੋਲ ਇੱਕ ਬਿਨਾਂ ਮਿਆਦ ਪੁੱਗਣ ਵਾਲੇ ਵਿਦੇਸ਼ੀ ਪਾਸਪੋਰਟ 'ਤੇ I-94 ਆਗਮਨ/ਵਿਦਾਇਗੀ ਰਿਕਾਰਡ ਹੈ। ਮੈਨੂੰ ਪ੍ਰਵੇਸ਼ ਕਰਨ ਲਈ ਕੀ ਚਾਹੀਦਾ ਹੈ?**

ਜੇਕਰ ਤੁਹਾਡੇ ਕੋਲ ਇੱਕ ਬਿਨਾਂ ਮਿਆਦ ਪੁੱਗਣ ਵਾਲੇ ਵਿਦੇਸ਼ੀ ਪਾਸਪੋਰਟ 'ਤੇ I-94 ਆਗਮਨ/ਵਿਦਾਇਗੀ ਰਿਕਾਰਡ ਹੈ ਤਾਂ ਤੁਹਾਨੂੰ ਪ੍ਰਵੇਸ਼ ਕਰਨ ਲਈ ਹੇਠ ਦਿੱਤਿਆਂ ਨੂੰ ਭਰਨਾ ਹੋਵੇਗਾ:

- ਤੁਹਾਡਾ ਪਾਸਪੋਰਟ ਨੰਬਰ,
- ਤੁਹਾਡਾ I-94 ਨੰਬਰ, ਅਤੇ
- ਮਿਆਦ ਪੁੱਗਣ ਦੀ ਮਿਤੀ।

**ਮੇਰੇ ਕੋਲ ਇੱਕ ਬਿਨਾਂ ਮਿਆਦ ਪੁੱਗਣ ਵਾਲੇ ਵਿਦੇਸ਼ੀ ਪਾਸਪੋਰਟ 'ਤੇ I-94 ਆਗਮਨ/ਵਿਦਾਇਗੀ ਰਿਕਾਰਡ ਹੈ ਪਰ ਮਿਆਦ ਪੁੱਗਣ ਦੀ ਮਿਤੀ ਨਹੀਂ ਹੈ। ਮੈਂ ਕੀ ਭਰਾਂ?**

ਜੇਕਰ ਤੁਹਾਡੇ ਕੋਲ ਇੱਕ ਬਿਨਾਂ ਮਿਆਦ ਪੁੱਗਣ ਵਾਲੇ ਵਿਦੇਸ਼ੀ ਪਾਸਪੋਰਟ ਇੰਮੀਗ੍ਰੇਸ਼ਨ ਦਸਤਾਵੇਜ਼ 'ਤੇ I-94 ਆਗਮਨ/ਵਿਦਾਇਗੀ ਰਿਕਾਰਡ ਹੈ ਪਰ ਮਿਆਦ ਪੁੱਗਣ ਦੀ ਮਿਤੀ ਨਹੀਂ ਹੈ ਕਿਉਂਕਿ ਦਾਖਲੇ ਦੀ ਮਿਆਦ 'ਤੇ ਹੋਮਲੈਂਡ ਸਿਕਿਓਰਿਟੀ ਵਿਭਾਗ (Department of Homeland Security) ਦੁਆਰਾ ਠਹਿਰਣ ਦੀ ਮਿਆਦ (Duration of Stay, D/S) ਦੇ ਤੌਰ 'ਤੇ ਮੋਹਰ ਲਗਾਈ ਗਈ ਸੀ, ਤੁਸੀਂ ਮਿਆਦ ਪੁੱਗਣ ਦੀ ਮਿਤੀ ਦੀ ਬਜਾਏ I-94 ਬਣਾਉਣ ਦੀ ਮਿਤੀ ਜਾਂ ਪ੍ਰਵੇਸ਼ ਦੀ ਮਿਤੀ ਦੇ ਸਕਦੇ ਹੋ।

ਜੇ ਤੁਹਾਡੇ ਕੋਲ ਅਜੇ ਵੀ ਯੋਗ ਪਾਸਪੋਰਟ ਹੈ, ਤਾਂ ਤੁਸੀਂ ਆਪਣੇ ਪਾਸਪੋਰਟ 'ਤੇ ਮਿਆਦ ਪੁੱਗਣ ਦੀ ਮਿਤੀ ਭਰ ਸਕਦੇ ਹੋ।

ਇਹ ਦਿਸ਼ਾ-ਨਿਰਦੇਸ਼ ਹੋਮਲੈਂਡ ਸਿਕਿਓਰਿਟੀ ਵਿਭਾਗ ਦੁਆਰਾ ਦਿੱਤੇ ਗਏ ਸਨ।

**ਮੈਂ ਕੀ ਕਰਾਂ ਜੇਕਰ ਮੇਰੇ ਕੋਲ I-94 ਨਹੀਂ ਹੈ?**

ਜੇ ਤੁਹਾਡੇ ਕੋਲ ਆਪਣੇ I-94 ਦੀ ਕਾਪੀ ਨਹੀਂ ਹੈ ਤਾਂ ਤੁਸੀਂ ਇੱਥੋਂ ਇਲੈਕਟ੍ਰਾਨਿਕ ਕਾਪੀ ਪ੍ਰਾਪਤ ਕਰਨ ਲਈ ਹੋਮਲੈਂਡ ਸਿਕਿਓਰਿਟੀ ਵਿਭਾਗ ਕੋਲ ਜਾ ਸਕਦੇ ਹੋ।

ਜੇ ਤੁਸੀਂ ਆਪਣੇ I-94 ਦੀ ਇਲੈਕਟ੍ਰਾਨਿਕ ਕਾਪੀ ਤੱਕ ਨਹੀਂ ਪਹੁੰਚ ਸਕਦੇ, ਤਾਂ ਤੁਸੀਂ ਇੱਥੋਂ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ।

### ਮੈਂ ਇੱਕ ਗੈਰ-ਪ੍ਰਮਾਣਿਤ ਕਰਮਚਾਰੀ ਹਾਂ। ਕੀ ਮੈਂ ਲਾਭ ਲੈਣ ਦੇ ਯੋਗ ਹਾਂ?

ਫੈਡਰਲ ਕੇਅਰਜ)(Coronavirus Aid, Relief, and Economic Security, CARES) ਐਕਟ ਦੇ ਅਧੀਨ ਬੇਰੁਜ਼ਗਾਰੀ ਲਾਭਾਂ ਅਤੇ ਵਿਸਥਾਰਤ ਬੇਰੁਜ਼ਗਾਰੀ ਲਾਭਾਂ ਲਈ ਯੋਗ ਹੋਣ ਲਈ ਤੁਹਾਡੇ ਕੋਲ ਸੰਯੁਕਤ ਰਾਜ ਵਿੱਚ ਕੰਮ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਹਾਲਾਂਕਿ, ਜਦੋਂ ਅਸੀਂ ਰਾਜ ਦੇ ਅਦਾਇਗੀ ਪਰਿਵਾਰ ਅਤੇ ਮੈਡੀਕਲ ਛੁੱਟੀ (Paid Family and Medical Leave) ਪ੍ਰੋਗਰਾਮ ਦੀ ਯੋਗਤਾ 'ਤੇ ਵਿਚਾਰ ਕਰਦੇ ਹਾਂ ਤਾਂ ਅਸੀਂ ਇੰਮੀਗ੍ਰੇਸ਼ਨ ਸਥਿਤੀ 'ਤੇ ਵਿਚਾਰ ਨਹੀਂ ਕਰਦੇ। ਇਸ ਲਈ, ਜੇ ਤੁਸੀਂ ਗੰਭੀਰ ਰੂਪ ਵਿੱਚ ਬਿਮਾਰ ਹੋ ਜਾਂ ਕਿਸੇ ਦੀ ਦੇਖਭਾਲ ਕਰ ਰਹੇ ਹੋ, ਜੋ ਗੰਭੀਰ ਬਿਮਾਰ ਹੈ, ਤਾਂ ਸ਼ਾਇਦ ਇਹ ਪ੍ਰੋਗਰਾਮ ਮਦਦ ਕਰਨ ਦੇ ਯੋਗ ਹੋ ਸਕਦਾ ਹੈ। paidleave.wa.gov ਜਾਂ tometiempo.org 'ਤੇ ਹੋਰ ਜਾਣੋ।

### ਕੀ ਬੇਰੁਜ਼ਗਾਰੀ ਜਾਂ ਅਦਾਇਗੀ ਪਰਿਵਾਰ/ਮੈਡੀਕਲ ਛੁੱਟੀ ਦੇ ਲਾਭ ਪ੍ਰਾਪਤ ਕਰਨ ਨਾਲ ਨਵੇਂ ਜਨਤਕ ਖਰਚੇ ਨਿਯਮਾਂ ਤਹਿਤ ਗ੍ਰੀਨ ਕਾਰਡ ਜਾਂ ਨਾਗਰਿਕਤਾ ਲਈ ਦਰਖ਼ਾਸਤ ਦੇਣ ਦੀ ਮੇਰੀ ਯੋਗਤਾ ਨੂੰ ਖ਼ਤਰਾ ਹੋਵੇਗਾ?

ਨਹੀਂ। ਬੇਰੁਜ਼ਗਾਰੀ ਬੀਮਾ ਅਤੇ ਅਦਾਇਗੀ ਪਰਿਵਾਰ ਅਤੇ ਮੈਡੀਕਲ ਛੁੱਟੀ ਲਾਭ ਸ਼ਾਮਲ ਨਹੀਂ ਹਨ ਜਨਤਕ ਖਰਚੇ ਨਿਰਧਾਰਨਵਿੱਚ।

ਰੁਜ਼ਗਾਰ ਸੁਰੱਖਿਆ ਵਿਭਾਗ ਇਕ ਬਰਾਬਰ ਅਵਸਰ ਰੋਜ਼ਗਾਰਦਾਤਾ / ਪ੍ਰੋਗਰਾਮ ਹੈ। ਅਪਾਹਿਜ ਵਿਅਕਤੀਆਂ ਲਈ ਬੇਨਤੀ ਕਰਨ 'ਤੇ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੀਮਿਤ
ਅੰਗਰੇਜ਼ੀ ਜਾਣਨ ਵਿਅਕਤੀਆਂ ਲਈ ਭਾਸ਼ਾ ਸਹਾਇਤਾ ਸੇਵਾਵਾਂ ਮੁਫਤ ਉਪਲਬਧ ਹਨ। ਵਾਸ਼ਿੰਗਟਨ ਰੀਲੇਅ ਸਰਵਿਸ: 711